ਜਿਨਸੀ ਸਿਹਤ

# ਟੈਸਟੋਸਟੀਰੋਨ ਥੈਰੇਪੀ: ਮਰੀਜ਼ ਦੀ ਗਾਈਡ



Urology Care FOUNDATION™

Powered by trusted experts of the American Urological Association

## ਵਿਸ਼ਾ - ਸੂਚੀ

**ਟੈਸਟੋਸਟੀਰੋਨ ਥੈਰੇਪੀ ਮਰੀਜ਼ ਸਿੱਖਿਆ ਪੈਨਲ** . . . . . . . . . . . . . . . . . . . 2
**ਜਾਣ-ਪਛਾਣ**. . . . . . . . . . . . . . . . . . . . . . . . . . . . . . . . . . 2
**ਤੱਥਾਂ ਨੂੰ ਜਾਣੋ** . . . . . . . . . . . . . . . . . . . . . . . . . . . . . . . 3
ਟੈਸਟੋਸਟੀਰੋਨ ਕੀ ਹੈ? . . . . . . . . . . . . . . . . . . . . . . . . . . . . . 3
ਟੈਸਟੋਸਟੀਰੋਨ ਦੀ ਕਮੀ ਦੇ ਲੱਛਣ? . . . . . . . . . . . . . . . . . . . . . . 3
ਹੋਰ ਲੱਛਣ . . . . . . . . . . . . . . . . . . . . . . . . . . . . . . . . . 3
ਟੈਸਟੋਸਟੀਰੋਨ ਦੀ ਕਮੀ ਦੇ ਕੀ ਕਾਰਨ ਹਨ? . . . . . . . . . . . . . . . . . . . 3
**ਨਿਦਾਨ ਪ੍ਰਾਪਤ ਕਰੋ** . . . . . . . . . . . . . . . . . . . . . . . . . . . . . 4
ਮੇਰਾ ਡਾਕਟਰ ਟੈਸਟੋਸਟੀਰੋਨ ਦੀ ਕਮੀ (ਟੀ.ਡੀ.) ਦਾ ਨਿਦਾਨ ਕਿਵੇਂ ਕਰੇਗਾ?.... . . . . . . . . . . . . . . . . . . . . . . . . . . . . . . 4
**ਇਲਾਜ ਕਰਵਾਓ** . . . . . . . . . . . . . . . . . . . . . . . . . . . . . . 4
ਕੀ ਮੈਨੂੰ ਟੈਸਟੋਸਟੀਰੋਨ ਥੈਰੇਪੀ (ਟੀ.ਟੀ.) ਦੀ ਲੋੜ ਹੈ? . . . . . . . . . . . . 4
ਮੇਰਾ ਡਾਕਟਰ ਮੇਰੀ ਟੈਸਟੋਸਟੀਰੋਨ ਦੀ ਕਮੀ (ਟੀ.ਡੀ.) ਦਾ ਇਲਾਜ ਕਿਵੇਂ ਕਰੇਗਾ? . . . . . . . . . . . . . . . . . . . . . . . . . 4
**ਇਲਾਜ ਤੋਂ ਬਾਅਦ** . . . . . . . . . . . . . . . . . . . . . . . . . . . . . 5
ਆਪਣੇ ਇਲਾਜ ਤੋਂ ਬਾਅਦ ਮੈਂ ਕੀ ਉਮੀਦ ਕਰ ਸਕਦਾ ਹਾਂ? . . . . . . . . . 5
**ਆਪਣੇ ਡਾਕਟਰ ਨੂੰ ਪੁੱਛਣ ਲਈ ਪ੍ਰਸ਼ਨ** . . . . . . . . . . . . . . . . . . . . . 5
**ਸ਼ਬਦਾਵਲੀ**. . . . . . . . . . . . . . . . . . . . . . . . . . . . . . . . . 5
**ਯੂਰੋਲੋਜੀ ਕੇਅਰ ਫਾਊਂਡੇਸ਼ਨ ਬਾਰੇ** . . . . . . . . . . . . . . . . . . .(ਪਿਛਲਾ ਕਵਰ)

## ਟੈਸਟੋਸਟੀਰੋਨ ਥੈਰੇਪੀ ਮਰੀਜ਼ ਸਿੱਖਿਆ ਪੈਨਲ

### ਚੇਅਰ
**ਅਜੇ ਕੇ. ਨਾਂਗੀਆ ਐੱਮ.ਬੀ.ਬੀ.ਐੱਸ., ਐੱਫ.ਏ.ਸੀ.ਐੱਸ.**
ਯੂਨੀਵਰਸਿਟੀ ਆਫ ਕੈਂਸਾਸ ਹੈਲਥ ਸਿਸਟਮ,
*ਕੈਂਸਾਸ ਸਿਟੀ, ਕੇ.ਐੱਸ.*

### ਪੈਨਲ ਦੇ ਮੈਂਬਰ
**ਗ੍ਰੇਗੋਰੀ ਏ. ਬ੍ਰੋਡਰਿਕ, ਐੱਮ.ਡੀ.**
ਮਾਇਓ ਕਲੀਨਿਕ ਕਾਲਜ ਆਫ਼ ਮੈਡੀਸਨ ਐਂਡ ਸਾਇੰਸ
*ਜੈਕਸਨਵਿਲੇ, ਐੱਫ.ਐੱਲ.*

**ਟੋਬੀਆ ਐੱਸ. ਕੋਹਲੇਰ, ਐੱਮ.ਡੀ., ਐੱਮ.ਪੀ.ਐੱਚ., ਐੱਫ.ਏ.ਸੀ.ਐੱਸ.**
ਮਾਇਓ ਕਲੀਨਿਕ
*ਰੋਚੇਸਟਰ, ਐੱਮ.ਐੱਨ.*

**ਰੋਨਾਲਡ ਡਬਲਿਊ. ਲੇਵਿਸ, ਐੱਮ.ਡੀ.**
ਜਾਰਜੀਆ ਦਾ ਮੈਡੀਕਲ ਕਾਲਜ, ਆਗਸਟਾ ਯੂਨੀਵਰਸਿਟੀ,
*ਆਗਸਟਾ, ਜੀ.ਏ.*

## ਜਾਣ-ਪਛਾਣ

ਪਿਛਲੇ 5 ਸਾਲਾਂ ਵਿੱਚ, ਬਹੁਤ ਸਾਰੇ ਮਰਦਾਂ ਨੇ ਟੈਸਟੋਸਟੀਰੋਨ ਥੈਰੇਪੀ ਲਈ ਹੈ। 2009 ਤੋਂ ਲੈ ਕੇ 2013 ਤੱਕ 10 ਲੱਖ ਮਰਦਾਂ ਨੇ ਟੈਸਟੋਸਟੀਰੋਨ ਲਈ ਡਾਕਟਰੀ ਸਲਾਹਾਂ ਲਈਆਂ। ਜ਼ਿਆਦਾਤਰ ਮਰਦ ਜੋ ਟੈਸਟੋਸਟੀਰੋਨ ਲੈਂਦੇ ਹਨ ਉਹ 40 ਤੋਂ 64 ਸਾਲ ਦੇ ਹਨ।

ਟੈਸਟੋਸਟੀਰੋਨ ਥੈਰੇਪੀ ਕਰਵਾਉਣਾ ਇੱਕ ਬਹੁਤ ਵਧੀਆ ਯੋਜਨਾ ਵਰਗਾ ਲੱਗ ਸਕਦਾ ਹੈ। ਪਰ ਕੀ ਇਹ ਇਲਾਜ ਤੁਹਾਡੇ ਲਈ ਸਹੀ ਹੈ? ਇਸ ਗਾਈਡ ਵਿੱਚ ਸਾਡੇ ਕੋਲ ਕੁਝ ਸੰਭਾਵਿਤ ਜਵਾਬ ਹਨ। ਇਸ ਬਾਰੇ ਪੜ੍ਹੋ ਅਤੇ ਅੱਪਣੇ ਡਾਕਟਰ ਨਾਲ ਇਸ ਬਾਰੇ ਗੱਲ ਕਰੋ ਕਿ ਤੁਹਾਡੇ ਨਾਲ ਕੀ ਹੋ ਰਿਹਾ ਹੈ। ਇਕੱਠੇ, ਤੁਸੀਂ ਅਗਲਾ ਕਦਮ ਚੁਣ ਸਕਦੇ ਹੋ।

# ਤੱਥਾਂ ਨੂੰ ਜਾਣੋ

## ਟੈਸਟੋਸਟੀਰੋਨ ਕੀ ਹੈ?

ਟੈਸਟੋਸਟੀਰੋਨ ਮਰਦਾਂ ਦਾ ਸੈਕਸ ਹਾਰਮੋਨ ਹੈ। ਇਹ ਅੰਡਕੋਸ਼ ਵਿੱਚ ਬਣਦਾ ਹੈ। ਹਾਰਮੋਨਜ਼ ਸਰੀਰਕ ਅਤੇ ਮਾਨਸਿਕ ਸਿਹਤ ਲਈ ਮਹੱਤਵਪੂਰਨ ਹੁੰਦੇ ਹਨ। ਟੈਸਟੋਸਟੀਰੋਨ ਦੀ ਜ਼ਰੂਰਤ ਇਹਨਾਂ ਲਈ ਹੈ:

- ਮਰਦਾਂ ਵਿੱਚ ਸੈਕਸ ਦਾ ਸੁਭਾਵਿਕ ਵਿਕਾਸ ਅਤੇ ਕਾਰਗੁਜ਼ਾਰੀ
- ਕਿਸ਼ੋਰਾਂ ਦੇ ਵਿਕਾਸ ਦੌਰਾਨ ਚੇਹਰੇ ਤੇ ਵਾਲ ਅਤੇ ਆਵਾਜ਼ ਦਾ ਭਾਰਾ ਹੋਣਾ
- ਮਾਸਪੇਸ਼ੀਆਂ ਦੀ ਤਾਕਤ
- ਮਰਦਾਂ ਦਾ ਸ਼ੁਕਰਾਣੂ ਬਣਾਉਣਾ
- ਮਰਦਾਂ ਦੀ ਸੈਕਸ ਡਰਾਈਵ

## ਟੈਸਟੋਸਟੀਰੋਨ ਦੀ ਕਮੀ ਦੇ ਲੱਛਣ?

ਟੈਸਟੋਸਟੀਰੋਨ ਦੀ ਕਮੀ (ਟੀ.ਡੀ.) ਨਾਲ ਸਿੱਧੇ ਜੁੜੇ ਜਾਂ ਇਸਦੇ ਨਾਲ ਮਿਲਦੇ ਲੱਛਣ ਹਨ:

- ਸੈਕਸ ਡਰਾਈਵ ਦਾ ਘੱਟ ਹੋਣਾ
- ਸਰੀਰ ਦੇ ਵਾਲਾਂ ਦਾ ਝੜਨਾ
- ਦਾੜ੍ਹੀ ਦਾ ਘੱਟ ਉੱਗਣਾ
- ਲੀਨ ਮਾਸਪੇਸ਼ੀ ਮਾਸ ਦਾ ਘੱਟ ਹੋਣਾ
- ਹਰ ਸਮੇਂ ਥੱਕਿਆ ਮਹਿਸੂਸ ਕਰਨਾ (ਥਕਾਵਟ)
- ਮੋਟਾਪਾ (ਜਿਆਦਾ ਭਾਰਾ ਸਰੀਰ ਹੋਣਾ)

## ਹੋਰ ਲੱਛਣ

ਕੁਝ ਲੱਛਣ ਜੋ ਟੀ.ਡੀ. ਨਾਲ ਜੁੜੇ ਹੋ ਵੀ ਸਕਦੇ ਹਨ ਅਤੇ ਨਹੀਂ ਵੀ:

- ਘੱਟ ਊਰਜਾ, ਧੀਰਜ ਅਤੇ ਸਰੀਰਕ ਤਾਕਤ
- ਯਾਦਦਾਸ਼ਤ ਦਾ ਘੱਟ ਹੋਣਾ,,
- ਬੋਲਦੇ ਸਮੇਂ ਸ਼ਬਦ ਲੱਭਣ ਵਿੱਚ ਮੁਸ਼ਕਲ
- ਇੱਕ ਜਗ੍ਹਾ ਧਿਆਨ ਨਾ ਲੱਗਣਾ
- ਡਿਪਰੈਸ਼ਨ ਦੇ ਲੱਛਣ
- ਕੰਮ ਤੇ ਕੁਝ ਚੰਗਾ ਨਾ ਕਰ ਪਾਉਣਾ
- ਇਰੈਕਟਾਇਲ ਡਿਸਫ਼ੰਕਸ਼ਨ

## ਟੈਸਟੋਸਟੀਰੋਨ ਦੀ ਕਮੀ ਦੇ ਕੀ ਕਾਰਨ ਹਨ?

ਕਦੇ-ਕਦੇ ਟੈਸਟੋਸਟੀਰੋਨ ਦਾ ਖ਼ੂਨ ਵਿੱਚ ਪੱਧਰ ਘੱਟ ਜਾਂਦਾ ਹੈ। ਇਸਨੂੰ ਟੈਸਟੋਸਟੀਰੋਨ ਦੀ ਕਮੀ ਜਾਂ ਟੀ.ਡੀ. ਵੀ ਕਿਹਾ ਜਾਂਦਾ ਹੈ। ਹਰ 100 ਵਿੱਚੋਂ 2 ਵਿਅਕਤੀਆਂ ਨੂੰ ਟੀ.ਡੀ. ਹੋ ਸਕਦੀ ਹੈ। ਆਮ ਤੌਰ ਤੇ, ਟੈਸਟੋਸਟੀਰੋਨ ਦਾ ਪੱਧਰ ਉਮਰ ਦੇ ਨਾਲ ਘੱਟ ਜਾਂਦਾ ਹੈ। ਛੋਟੀ ਉਮਰ ਦੇ ਮਰਦਾਂ ਵਿੱਚ ਟੀ.ਡੀ. ਹਰ 100 ਵਿਚੋਂ ਲਗਭਗ 1 ਮਰਦ ਨੂੰ ਹੁੰਦੀ ਹੈ, ਇਹ ਮਰਦਾਂ ਦੀ ਉਮਰ ਵਧਣ ਤੇ ਆਮ ਹੋ ਜਾਂਦਾ ਹੈ। ਘੱਟ ਟੈਸਟੋਸਟੀਰੋਨ ਦਾ ਮਤਲਬ ਕੋਈ ਵੀ ਇਹਨਾਂ ਵਿੱਚੋਂ ਦਰਜ ਲੱਛਣਾਂ ਦੇ ਨਾਲ ਖ਼ੂਨ ਦਾ ਪੱਧਰ 300 ਐੱਨ.ਜੀ./ਡੀ.ਐੱਲ. ਤੋਂ ਘੱਟ ਹੋਣਾ ਹੈ। ਅਸਲ ਵਿੱਚ, ਜੇਕਰ ਤੁਹਾਡਾ ਅੰਡਕੋਸ਼ ਆਮ ਨਾਲੋਂ ਘੱਟ ਟੈਸਟੋਸਟੀਰੋਨ ਬਣਾਉਂਦੇ ਹਨ, ਤਾਂ ਤੁਹਾਡਾ ਟੈਸਟੋਸਟੀਰੋਨ ਦਾ ਪੱਧਰ ਘੱਟ ਜਾਵੇਗਾ।

- ਉਮਰ ਵਧਣਾ
- ਮੋਟਾਪਾ
- ਕਿਸੇ ਹਾਦਸੇ ਵਿੱਚ ਅੰਡਕੋਸ਼ ਦਾ ਨੁਕਸਾਨ ਹੋਣਾ
- ਅੰਡਕੋਸ਼ ਨੂੰ ਹਟਾਉਣਾ (ਕੈਂਸਰ ਜਾਂ ਕਿਸੇ ਹੋਰ ਕਾਰਣ)
- ਕੀਮੋਥੈਰੇਪੀ ਜਾਂ ਰੇਡੀਏਸ਼ਨ
- ਓਪੀਓਡ ਜਾਂ ਐਂਟੀਡਿਪਰੈਸੈਂਟ ਦੀ ਵਰਤੋਂ
- ਤੁਹਾਡੇ ਜਨਮ ਤੋਂ ਹੀ ਮੈਡੀਕਲ ਹਾਲਾਤਾਂ ਦਾ ਵਿਗੜਨਾ
- ਸ਼ੂਗਰ
- ਇਨਫੈਕਸ਼ਨ
- ਪਿਟਯੂਟਰੀ ਗਲੈਂਡ ਦੀ ਬਿਮਾਰੀ ਕਾਰਣ ਹਾਰਮੋਨ ਦੀ ਉਪਜ ਘੱਟ ਹੋਣਾ
- ਸਵੈ-ਇਮਿਊਨ ਬਿਮਾਰੀ (ਜਦੋਂ ਤੁਹਾਡਾ ਸਰੀਰ ਆਪਣੇ ਸੈੱਲਾਂ ਤੇ ਹਮਲਾ ਕਰੇ)

# ਨਿਦਾਨ ਪ੍ਰਾਪਤ ਕਰੋ

## ਮੇਰਾ ਡਾਕਟਰ ਟੈਸਟੋਸਟੀਰੋਨ ਦੀ ਕਮੀ (ਟੀ. ਡੀ.) ਦਾ ਨਿਦਾਨ ਕਿਵੇਂ ਕਰੇਗਾ?

ਟੀ.ਡੀ. ਲਈ ਸਭ ਤੋਂ ਜ਼ਰੂਰੀ ਟੈੱਸਟ ਤੁਹਾਡਾ ਟੋਟਲ ਬਲੱਡ ਟੈਸਟੋਸਟੀਰੋਨ ਲੈਵਲ ਹੈ।

ਜੇਕਰ ਤੁਸੀ ਚਿੰਤਿਤ ਹੋ, ਤਾਂ ਤੁਹਾਨੂੰ ਆਪਣੇ ਡਾਕਟਰ ਨਾਲ ਆਪਣੇ ਲੱਛਣਾਂ ਬਾਰੇ ਗੱਲ ਕਰਨੀ ਚਾਹੀਦੀ ਹੈ ਅਤੇ ਪਤਾ ਲਗਾਉਣਾ ਚਾਹੀਦਾ ਹੈ ਕਿ ਤੁਹਾਨੂੰ ਕਿਤੇ ਟੀ.ਡੀ. ਤਾਂ ਨਹੀਂ। ਤੁਹਾਡੀ ਸਰੀਰਕ ਜਾਂਚ ਸਮੇਂ, ਤੁਹਾਡਾ ਡਾਕਟਰ ਹੇਠ ਲਿਖੀਆਂ ਚੀਜ਼ਾਂ ਦੀ ਜਾਂਚ ਕਰੇਗਾ:

- ਟੈਸਟੋਸਟੀਰੋਨ ਦਾ ਪੱਧਰ, ਹੋਰ ਹਾਰਮੋਨ ਦੇ ਪੱਧਰਾਂ ਅਤੇ ਖ਼ੂਨ ਵਿੱਚ ਲਾਲ ਸੈੱਲਾਂ ਦਪੱਧਰ ਲਈ ਬਲੱਡ ਟੈੱਸਟ (ਨਤੀਜਿਆਂ ਦੀ ਪੁਸ਼ਟੀ ਕਰਨ ਲਈ ਖ਼ੂਨ ਦੀ ਜਾਂਚ ਇੱਕ ਤੋਂ ਵੱਧ ਵਾਰ ਵੀ ਕੀਤੀ ਜਾ ਸਕਦੀ ਹੈ)
- ਤੁਹਾਡਾ ਪੂਰਾ ਮੈਡੀਕਲ ਪਿਛੋਕੜ, ਬਿਮਾਰੀਆਂ ਅਤੇ ਦਵਾਈਆਂ ਦੇ ਨਾਲ
- ਮੋਟਾਪੇ ਲਈ ਬੀ.ਐੱਮ.ਆਈ. ਜਾਂ ਕਮਰ ਦਾ ਮਾਪ
- ਮੈਟਾਬੋਲਿਕ ਸਿੰਡਰੋਮ (ਹਾਈ ਬਲੱਡ ਪ੍ਰੈਸ਼ਰ, ਹਾਈ ਬਲੱਡ ਸ਼ੂਗਰ, ਕਮਰ ਦੇ ਦੁਆਲੇ ਬਹੁਤ ਜ਼ਿਆਦਾ ਚਰਬੀ ਅਤੇ ਹਾਈ ਕੋਲੈਸਟ੍ਰੋਲ ਲੈਵਲ)
- ਵਾਲਾਂ ਦਾ ਪੈਟਰਨ, ਮਾਤਰਾ ਅਤੇ ਸਥਾਨ
- ਵਧੀ ਹੋਈ ਛਾਤੀ
- ਕੀ ਅੰਡਕੋਸ਼ ਮੌਜੂਦ ਹਨ ਅਤੇ ਉਨ੍ਹਾਂ ਦਾ ਆਕਾਰ
- ਪ੍ਰੋਸਟੇਟ ਦਾ ਆਕਾਰ ਅਤੇ ਕੋਈ ਅਸਧਾਰਣਤਾ

# ਇਲਾਜ ਕਰਵਾਓ

## ਕੀ ਮੈਨੂੰ ਟੈਸਟੋਸਟੀਰੋਨ ਥੈਰੇਪੀ (ਟੀ.ਟੀ.) ਦੀ ਲੋੜ ਹੈ?

ਜੇਕਰ ਤੁਹਾਨੂੰ ਟੀ.ਡੀ. ਹੈ ਤਾਂ ਤੁਹਾਨੂੰ ਟੀ.ਟੀ. ਦੀ ਜ਼ਰੂਰਤ ਪੈ ਸਕਦੀ ਹੈ। ਬਾਕੀ ਸਾਰੀਆਂ ਦਵਾਈਆਂ ਦੀ ਥੈਰੇਪੀ ਦੇ ਵਾਂਗ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਟੀ.ਟੀ. ਦੇ ਮਾੜੇ ਪ੍ਰਭਾਵ ਵੀ ਹਨ। ਤੁਹਾਨੂੰ ਆਪਣੇ ਡਾਕਟਰ ਨੂੰ ਪੁੱਛੇ ਬਿਨਾਂ ਟੈਸਟੋਸਟੀਰੋਨ ਨਹੀਂ ਲੈਣਾ ਚਾਹੀਦਾ।

ਹੇਠ ਲਿਖਿਆਂ ਲਈ ਇਲਾਜ ਦੀ ਸਲਾਹ ਦਿੱਤੀ ਜਾਂਦੀ ਹੈ:

- ਕਲਾਈਨਫੈਲਟਰ ਸਿੰਡਰੋਮ ਵਰਗੀਆਂ ਬਿਮਾਰੀਆਂ ਕਾਰਨ ਟੀ.ਡੀ. ਨਾਲ ਪੈਦਾ ਹੋਇਆ ਵਿਅਕਤੀ
- ਜੇਕਰ ਇੱਕ ਵਿਅਕਤੀ ਦੇ ਸੈਕਸ ਅੰਗ ਚੰਗੀ ਤਰ੍ਹਾਂ ਵਿਕਸਿਤ ਨਹੀਂ ਹੁੰਦੇ
- ਖਰਾਬ ਹੋਏ ਅੰਡਕੋਸ਼
- ਟੀ.ਡੀ. ਦੇ ਲੱਛਣਾਂ ਦੇ ਨਾਲ ਬਲੱਡ ਟੈਸਟੋਸਟੀਰੋਨ ਦਾ ਪੱਧਰ 300 ਐੱਨ. ਜੀ. / ਡੀ.ਐੱਲ. ਤੋਂ ਘੱਟ

## ਮੇਰਾ ਡਾਕਟਰ ਮੇਰੀ ਟੈਸਟੋਸਟੀਰੋਨ ਦੀ ਕਮੀ (ਟੀ. ਡੀ.) ਦਾ ਇਲਾਜ ਕਵਿੇਂ ਕਰੇਗਾ?

ਸਿਹਤ ਵਿੱਚ ਤਬਦੀਲੀਆਂ ਜਿਵੇਂ ਕਿ ਭਾਰ ਘਟਾਉਣਾ ਅਤੇ ਵੱਧ ਕਸਰਤ ਕਰਨਾ ਤੁਹਾਡੇ ਟੈਸਟੋਸਟੀਰੋਨ ਦੇ ਪੱਧਰ ਨੂੰ ਵਧਾਏਗਾ। ਤੁਹਾਨੂੰ ਟੈਸਟੋਸਟੀਰੋਨ ਹਾਰਮੋਨ ਲੈਣ ਦੀ ਜ਼ਰੂਰਤ ਵੀ ਪੈ ਸਕਦੀ ਹੈ। ਟੈਸਟੋਸਟੀਰੋਨ ਲੈਣ ਦੇ 5 ਤਰੀਕੇ ਹਨ:

- ਟ੍ਰਾਂਸਡਰਮਲ (ਤਰਲ, ਜੈੱਲ ਜਾਂ ਚਮੜੀ ਦੇ ਪੈਚ)
- ਟੀਕਾ (ਛੋਟੇ ਜਾਂ ਲੰਮੇ ਸਮੇਂ ਤਕ)
- ਇੰਟਰਾਨੈਜ਼ਲ (ਤੁਹਾਡੇ ਨੱਕ ਰਾਹੀਂ)
- ਤੁਹਾਡੀ ਚਮੜੀ ਦੇ ਹੇਠਾਂ ਪੇਲੇਟ
- ਮੌਖਿਕ / ਬੱਕਲ (ਮੂੰਹ ਰਾਹੀਂ)

ਤੁਹਾਡਾ ਡਾਕਟਰ ਤੁਹਾਡੇ ਲਈ ਵਧੀਆ ਵਿਕਲਪ ਚੁਣਨ ਲਈ ਮਦਦ ਕਰੇਗਾ।

ਇਲਾਜ ਦੇ ਦੌਰਾਨ ਤੁਹਾਨੂੰ ਟੀ.ਟੀ.ਦੇ ਨੁਕਸਾਨ ਵੀ ਦੇਖਣੇ ਚਾਹੀਦੇ ਹਨ। ਆਪਣੇ ਡਾਕਟਰ ਜਾਂ ਫਾਰਮਾਸਿਸਟ ਨੂੰ ਪੁੱਛੋਂ ਕਿ ਤੁਹਾਨੂੰ ਕਿਹੜੇ ਲੱਛਣਾਂ ਬਾਰੇ ਦੇਖਣਾ ਚਾਹੀਦਾ ਹੈ।



* ਜੋ ਸ਼ਬਦ ਨੀਲੇ ਰੰਗ ਵਿੱਚ ਦਿਖਾਈ ਦੇ ਰਹੇ ਹਨ ਉਹਨਾਂ ਦਾ ਵਰਨਣ ਸ਼ਬਦਾਵਲੀ ਵਿੱਚ ਕੀਤਾ ਗਿਆ ਹੈ

## ਇਲਾਜ ਤੋਂ ਬਾਅਦ

### ਆਪਣੇ ਇਲਾਜ ਤੋਂ ਬਾਅਦ ਮੈਂ ਕੀ ਉਮੀਦ ਕਰ ਸਕਦਾ ਹਾਂ?

ਤੁਹਾਨੂੰ ਆਪਣਾ ਟੈਸਟੋਸਟੀਰੋਨ ਪੱਧਰ ਦੇਖਣ ਲਈ ਰੋਜ਼ਾਨਾ ਹੀ ਸਿਹਤ ਸੰਬੰਧੀ ਟੈੱਸਟ ਕਰਵਾਉਣੇ ਚਾਹੀਦੇ ਹਨ ਤਾਂ ਕਿ ਪਤਾ ਚੱਲ ਸਕੇ ਕਿ ਉਹ ਬਦਲਿਆ ਜਾਂ ਠੀਕ ਹੋਇਆ ਹੈ ਜਾਂ ਨਹੀਂ। ਜੇਕਰ ਤੁਸੀਂ ਟੀ.ਟੀ. ਤੇ ਸਥਿਰ ਹੋ, ਤਾਂ ਹਰੇਕ 6-12 ਮਹੀਨਿਆਂ ਵਿੱਚ ਕੁੱਲ ਟੈਸਟੋਸਟੀਰੋਨ ਅਤੇ ਹੋਰ ਲੈਬ ਟੈੱਸਟਾਂ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ।

ਤੁਸੀਂ ਨੋਟ ਕਰ ਸਕਦੇ ਹੋ ਕਿ ਟੈਸਟੋਸਟੀਰੋਨ ਦੀਆਂ ਦਵਾਈਆਂ ਦੇ ਲੇਬਲ ਉੱਤੇ ਦਿਲ ਦੇ ਰੋਗ ਜਾਂ ਦੌਰੇ ਬਾਰੇ ਚੇਤਾਵਨੀ ਦਿੱਤੀ ਗਈ ਹੈ। ਇਸਦਾ ਕੋਈ ਪੱਕਾ ਸਬੂਤ ਨਹੀਂ ਹੈ ਕਿ ਟੀ.ਟੀ. ਤੁਹਾਡੇ ਰਿਸਕ ਨੂੰ ਇਹਨਾਂ ਹਲਾਤਾਂ ਤੇ ਵਧਾਉਂਦਾ ਜਾਂ ਘਟਾਉਂਦਾ ਹੈ।

ਪਰ, ਸਾਵਧਾਨੀ ਲਈ, ਤੁਹਾਡਾ ਡਾਕਟਰ ਦਿਲ ਦੇ ਰੋਗ ਅਤੇ ਦੌਰੇ ਦੀ ਜਾਂਚ ਪਹਿਲਾਂ ਵੀ ਅਤੇ ਕਈ ਵਾਰ ਟੀ.ਟੀ. ਦੇ ਦੌਰਾਨ ਵੀ ਕਰੇਗਾ।

ਕੁੱਝ ਲੱਛਣ ਜਿਵੇਂ ਕਿ ਸੈਕਸ ਡਰਾਈਵ ਘੱਟ ਹੋਣਾ, ਲੀਨ ਬੋਡੀ ਮਾਸ ਦਾ ਘੱਟ ਹੋਣਾ ਅਤੇ/ਜਾਂ ਡਿਪਰੈਸ਼ਨ ਦੇ ਲੱਛਣਾਂ ਤੋਂ ਛੁਟਕਾਰੇ ਲਈ ਟੀ.ਟੀ. ਮਦਦ ਕਰ ਸਕਦੀ ਹੈ। ਪਰ ਇਸਦਾ ਕੋਈ ਪੱਕਾ ਸਬੂਤ ਨਹੀਂ ਹੈ ਕਿ ਟੀ.ਟੀ. ਤੁਹਾਡੀ ਯਾਦਦਾਸ਼ਤ, ਸ਼ੂਗਰ, ਊਰਜਾ, ਥਕਾਵਟ, ਲਿਪਿਡ ਪ੍ਰੋਫਾਈਲਾਂ, ਜਾਂ ਜੀਵਨ ਦੀ ਗੁਣਵਤਾ ਵਿੱਚ ਸਹਾਈ ਹੋਵੇਗਾ।

## ਆਪਣੇ ਡਾਕਟਰ ਨੂੰ ਪੁੱਛਣ ਲਈ ਪ੍ਰਸ਼ਨ

- ❒ ਕੀ ਮੇਰੇ ਲੱਛਣ ਟੀ.ਡੀ. ਨਾਲ ਸਬੰਧਤ ਹਨ?
- ❒ ਮੇਰੀ ਉਮਰ ਦੇ ਮਰਦਾਂ ਲਈ ਟੀ.ਡੀ. ਕਿੰਨੀ ਆਮ ਹੈ?
- ❒ ਜੇਕਰ ਮੈਨੂੰ ਟੀ.ਡੀ. ਹੈ ਤਾਂ ਮੈਨੂੰ ਕਿਹੜੇ ਟੈੱਸਟ ਕਰਵਾਉਣ ਦੀ ਜ਼ਰੂਰਤ ਹੋਏਗੀ?
- ❒ ਟੈਸਟੋਸਟੀਰੋਨ ਥੈਰੇਪੀ (ਟੀ.ਟੀ.) ਕਿੰਨੀ ਸੁਰੱਖਿਅਤ ਹੈ?
- ❒ ਕੀ ਟੀ.ਟੀ. ਮੇਰੇ ਲਈ ਸਭ ਤੋਂ ਵਧੀਆ ਵਿਕਲਪ ਹੈ?
- ❒ ਜੇਕਰ ਮੈਨੂੰ ਟੀ.ਟੀ. ਹੈ ਤਾਂ ਮੈਨੂੰ ਕਿਹੜੇ-ਕਿਹੜੇ ਮਾੜੇ ਪ੍ਰਭਾਵਾਂ ਬਾਰੇ ਪਤਾ ਹੋਣਾ ਚਾਹੀਦਾ ਹੈ?
- ❒ ਕੀ ਟੀ.ਡੀ. ਲਈ ਸਿੱਧੀਆਂ ਮਿਲਣ ਵਾਲੀਆਂ ਦਵਾਈਆਂ ਮੇਰੀ ਮਦਦ ਕਰ ਸਕਦੀਆਂ ਹਨ?

## ਸ਼ਬਦਾਵਲੀ

**ਬੀ.ਐੱਮ.ਆਈ.**
ਬੋਡੀ ਮਾਸ ਇੰਡੈਕਸ(ਬੀ.ਐੱਮ.ਆਈ.) ਨੂੰ ਅਸੀਂ ਸਰੀਰ ਦੀ ਚਰਬੀ ਨੂੰ ਮਾਪਣ ਲਈ ਉਸਦੀ ਲੰਬਾਈ ਅਤੇ ਭਾਰ ਦੇ ਹਿਸਾਬ ਨਾਲ ਵਰਤਦੇ ਹਾਂ।

**ਲੀਨ ਮਾਸਪੇਸ਼ੀ ਮਾਸ**
ਲੀਨ ਮਾਸਪੇਸ਼ੀ ਮਾਸ ਚਰਬੀ ਦੇ ਮੁਕਾਬਲੇ ਸਰੀਰ ਵਿੱਚ ਮਾਸਪੇਸ਼ੀਆਂ ਦੀ ਮਾਤਰਾ ਨਾਲ ਸਬੰਧਤ ਹੈ।

**ਮੈਟਾਬੋਲਿਕ ਸਿੰਡਰੋਮ**
ਮੈਟਾਬੋਲਿਕ ਸਿੰਡਰੋਮ ਦਾ ਅਰਥ ਹੈ ਲੱਛਣਾਂ ਦਾ ਇਕੱਠਾ ਵੇਖਿਆ ਜਾਣਾ (ਹਾਈ ਬਲੱਡ ਪ੍ਰੈਸ਼ਰ, ਹਾਈ ਬਲੱਡ ਸ਼ੂਗਰ, ਹਾਈ ਕੋਲੈਸਟਰੋਲ ਅਤੇ ਟ੍ਰਾਈਗਲਿਸਰਾਈਡ ਦੇ ਪੱਧਰ, ਅਤੇ ਕਮਰ ਦੇ ਦੁਆਲੇ ਚਰਬੀ)।

**ਮੋਟਾਪਾ**
ਮੋਟਾਪੇ ਦਾ ਅਰਥ ਹੈ ਸਰੀਰ ਤੇ ਬਹੁਤ ਚਰਬੀ ਹੋਣਾ।

**ਪਿਟਊਟਰੀ ਗਲੈਂਡ**
ਇਹ ਗਲੈਂਡ ਸਰੀਰ ਦਾ ਇਕ ਬਹੁਤ ਜ਼ਰੂਰੀ ਗਲੈਂਡ ਹੈ। ਇਸਨੂੰ ਅਕਸਰ "ਮਾਸਟਰ ਗਲੈਂਡ" ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਹੋਰ ਵੀ ਹਾਰਮੋਨ ਗਲੈਂਡਸ ਨੂੰ ਕੰਟਰੋਲ ਕਰਦਾ ਹੈ। ਇਹ ਸਿਰ ਵਿੱਚ ਦਿਮਾਗ ਦੇ ਅਧਾਰ ਵਿੱਚ ਮੌਜੂਦ ਹੁੰਦਾ ਹੈ।

**ਪ੍ਰੋਸਟੇਟ**
ਪ੍ਰੋਸਟੇਟ ਇੱਕ ਨਰ ਗਲੈਂਡ ਹੈ ਜੋ ਬਲੈਡਰ ਅਤੇ ਲਿੰਗ ਦੇ ਵਿਚਕਾਰ ਹੁੰਦਾ ਹੈ।

**ਟੈਸਟੋਸਟੀਰੋਨ ਦੀ ਕਮੀ**
ਟੀ.ਡੀ. ਤੋਂ ਭਾਵ ਹੈ ਕਿ ਤੁਹਾਡਾ ਸਰੀਰ ਸਹੀ ਮਾਤਰਾ ਵਿੱਚ ਟੈਸਟੋਸਟੀਰੋਨ ਨਹੀਂ ਬਣਾ ਰਿਹਾ।

**ਟੈਸਟੋਸਟੀਰੋਨ ਥੈਰੇਪੀ**
ਟੈਸਟੋਸਟੀਰੋਨ ਥੈਰੇਪੀ ਇੱਕ ਇਲਾਜ ਹੈ ਜਿਸ ਵਿੱਚ ਖ਼ੂਨ ਵਿੱਚ ਘੱਟ ਟੈਸਟੋਸਟੀਰੋਨ ਪੱਧਰ ਵਾਲੇ ਮਰੀਜ਼ ਨੂੰ(ਅਕਸਰ, ਜੇਕਰ ਟੀ.ਡੀ. ਨੂੰ ਕਿਸੇ ਹੋਰ ਲੱਛਣ ਨਾਲ ਪਾਇਆ ਜਾਵੇ ) ਦਵਾਈ ਦਿੱਤੀ ਜਾਂਦੀ ਹੈ। ਦਵਾਈ ਟੀਕੇ ਦੁਆਰਾ, ਮੂੰਹ ਰਾਹੀਂ, ਨੱਕ ਰਾਹੀਂ ਜੈਲ ਦੁਆਰਾ, ਚਮੜੀ ਦੇ ਹੇਠਾਂ ਪੈਲੇਟ ਦੁਆਰਾ ਜਾਂ ਸਿੱਧਾ ਚਮੜੀ ਉੱਤੇ ਕਰੀਮ ਲਗਾ ਕੇ, ਪੈਚ, ਜਾਂ ਜੈਲ ਦੁਆਰਾ ਦਿੱਤੀ ਜਾਂਦੀ ਹੈ।„

**ਟ੍ਰਾਂਸਡਰਮਲ ਦਵਾਈ**
ਟ੍ਰਾਂਸਡਰਮਲ ਦਵਾਈ ਨੂੰ ਚਮੜੀ ਉੱਤੇ ਲਗਾਇਆ ਜਾਂਦਾ ਹੈ। ਇਹ ਥੈਰੇਪੀ ਚਮੜੀ ਉੱਤੇ ਜੈਲ, ਕ੍ਰੀਮ ਜਾਂ ਪੈਚ ਲਗਾ ਕੇ ਕੀਤੀ ਜਾਂਦੀ ਹੈ।

## ਯੂਰੋਲੌਜੀ ਕੇਅਰ ਫਾਊਂਡੇਸ਼ਨ ਬਾਰੇ

ਯੂਰੋਲੌਜੀ ਕੇਅਰ ਫਾਊਂਡੇਸ਼ਨ ਦੁਨੀਆਂ ਦੀ ਉੱਘੀ ਯੂਰੋਲੌਜਿਕ ਫਾਊਂਡੇਸ਼ਨ - ਅਤੇ ਅਮਰੀਕੀ ਯੂਰੋਲੌਜੀਕਲ ਐਸੋਸੀਏਸ਼ਨ ਦੀ ਅਧਿਕਾਰਿਕ ਫਾਊਂਡੇਸ਼ਨ ਹੈ। ਅਸੀਂ ਉਹਨਾਂ ਲੋਕਾਂ ਨੂੰ ਜਾਣਕਾਰੀ ਪ੍ਰਦਾਨ ਕਰਦੇ ਹਾਂ ਜੋ ਆਪਣੀ ਯੂਰੋਲੌਜੀਕਲ ਸਿਹਤ ਦਾ ਕਿਰਿਆਸ਼ੀਲ ਤਰੀਕੇ ਨਾਲ ਧਿਆਨ ਰੱਖ ਰਹੇ ਹਨ ਅਤੇ ਜੋ ਸਿਹਤ ਵਿੱਚ ਬਦਲਾਅ ਕਰਨ ਲਈ ਤਿਆਰ ਹਨ। ਸਾਡੀ ਜਾਣਕਾਰੀ ਅਮਰੀਕੀ ਯੂਰੋਲੌਜੀਕਲ ਐਸੋਸੀਏਸ਼ਨ ਦੇ ਸਾਧਨਾਂ ‘ਤੇ ਅਧਾਰਿਤ ਹੈ ਅਤੇ ਇਸ ਦਾ ਮੁਲਾਂਕਣ ਮੈਡੀਕਲ ਮਾਹਿਰਾਂ ਦੁਆਰਾ ਕੀਤਾ ਜਾਂਦਾ ਹੈ।

ਵੱਖ-ਵੱਖ ਯੂਰੋਲੌਜਿਕ ਸਮੱਸਿਆਵਾਂ ਬਾਰੇ ਹੋਰ ਜਾਣਨ ਲਈ **UrologyHealth.org/UrologicConditions** ‘ਤੇ ਜਾਓ ਜਾਂ ਆਪਣੇ ਨੇੜੇ ਡਾਕਟਰ ਪਤਾ ਕਰਨ ਲਈ **UrologyHealth.org/FindAUrologist** ‘ਤੇ ਜਾਓ।

### ਬੇਦਾਵਾ

ਇਹ ਜਾਣਕਾਰੀ ਸਵੈ-ਨਿਦਾਨ ਲਈ ਟੂਲ ਨਹੀਂ ਹੈ ਜਾਂ ਪੇਸ਼ੇਵਰ ਮੈਡੀਕਲ ਸਲਾਹ ਲਈ ਵਿਕਲਪ ਨਹੀਂ ਹੈ। ਇਹ ਇਸ ਲਈ ਨਹੀਂ ਵਰਤੀ ਜਾਣੀ ਹੈ ਜਾਂ ਇਸ ਉਦੇਸ਼ ਲਈ ਇਸ ‘ਤੇ ਨਿਰਭਰ ਨਹੀਂ ਰਹਿਣਾ ਚਾਹੀਦਾ ਹੈ। ਆਪਣੀ ਸਿਹਤ ਨਾਲ ਜੁੜੀਆਂ ਚਿੰਤਾਵਾਂ ਬਾਰੇ ਕਿਰਪਾ ਕਰਕੇ ਆਪਣੇ ਯੂਰੋਲੌਜਿਸਟ ਜਾਂ ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲ ਕਰੋ। ਦਵਾਈਆਂ ਸਮੇਤ, ਕੋਈ ਵੀ ਇਲਾਜ ਸ਼ੁਰੂ ਜਾਂ ਬੰਦ ਕਰਨ ਤੋਂ ਪਹਿਲਾਂ ਹਮੇਸ਼ਾ ਸਿਹਤ ਦੇਖਭਾਲ ਪ੍ਰਦਾਤਾ ਨਾਲ ਸਲਾਹ ਕਰੋ।

ਇਰੈਕਟਾਇਲ ਡਿਸਫੰਕਸ਼ਨ ਅਤੇ ਹੋਰਨਾਂ ਯੂਰੋਲੌਜੀਕਲ ਹਾਲਤਾਂ ਲਈ ਛਪੀ ਹੋਈ ਸਮੱਗਰੀ ਦੀਆਂ ਪ੍ਰਤੀਆਂ ਲਈ **UrologyHealth.org/Order** ਤੇ ਜਾਓ ਜਾਂ 800-828-7866 ਤੇ ਕਾਲ ਕਰੋ।

Urology Care FOUNDATION™ | *Powered by trusted experts of the* American Urological Association


**National Headquarters:** 1000 Corporate Boulevard, Linthicum, MD 21090
Phone: 410-689-3990 • 1-800-828-7866 • info@UrologyCareFoundation.org • UrologyHealth.org
@UrologyCareFdn


LEARN MORE

DONATE

©2023 Urology Care Foundation. All rights reserved.

SexualHealth-TestTherapy-PG-2023-Punjabi